# ਸੁਤੰਤਰਤਾ ਦਿਵਸ (ਭਾਰਤ)

ਭਾਰਤ ਦਾ ਸੁਤੰਤਰਤਾ ਦਿਵਸ 15 ਅਗਸਤ ਨੂੰ ਬਰਤਾਨਵੀ ਸ਼ਾਸਨ ਤੋਂ ਆਜ਼ਾਦੀ ਅਤੇ 1947 ਵਿਚ ਸਰਬ ਸੱਤਾਧਾਰੀ ਰਾਸ਼ਟਰ ਦੇ ਹੋਂਦ ਵਿਚ ਆਉਣ ਦੇ ਉਪਲਕਸ਼ ਵਜੋਂ ਮਨਾਇਆ ਜਾਂਦਾ ਹੈ। ਇਹ ਭਾਰਤ ਵਿਚ ਰਾਸ਼ਟਰੀ ਅਵਕਾਸ਼ ਦਾ ਦਿਨ ਹੈ। ਸਾਰੇ ਦੇਸ਼ ਵਿਚ ਸਥਾਨਕ ਪ੍ਰਸ਼ਾਸਨ ਦੁਆਰਾ ਝੰਡਾ ਲਹਿਰਾਉਣ ਦੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ। ਮੁੱਖ ਸਮਾ ਰੋਹ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਹੁੰਦਾ ਹੈ ਜਿੱਥੇ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਤੇ ਝੰਡਾ ਲਹਿਰਾਉਂਦਾ ਹੈ ਅਤੇ ਇਸ ਦੇ ਬੁਰਜ ਤੇ ਖੜਾ ਹੋ ਕੇ ਭਾਸ਼ਣ ਦਿੰਦਾ ਹੈ ਜਿਸ ਦਾ ਸਾਰੇ ਦੇਸ਼ ਵਿਚ ਪ੍ਰਸਾਰਣ ਹੁੰਦਾ ਹੈ। ਆਪਣੇ ਭਾਸ਼ਣ ਵਿਚ ਓ;ਹ ਆਪਣੀ ਸਰਕਾਰ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਦਾ ਵਿਵਰਣ ਦਿੰਦੇ ਹੋਏ ਮਹੱਤਵਪੂਰਣ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਭਵਿਖ ਦੇ ਵਿਕਾਸਾਂ ਬਾਰੇ ਵੀ ਆਪਣੀਆਂ ਯੋਜਨਾਵਾਂ ਦੱਸਦਾ ਹੈ।

1946 ਵਿਚ ਬਰਤਾਨੀਆਂ ਦੀ ਲੇਬਰ ਸਰਕਾਰ ਹੁਣੇ ਜਿਹੇ ਖ਼ਤਮ ਹੋਏ ਦੂਜੇ ਵਿਸ਼ਵ ਯੁੱਧ ਕਾਰਨ ਆਪਣਾ ਖ਼ਜ਼ਾਨਾ ਖ਼ਾਲੀ ਕਰ ਚੁਕੀ ਸੀ ਅਤੇ ਇਹ ਮਹਿਸੂਸ ਕਰਨ ਲੱਗੀ ਸੀ ਕਿ ਉਸਨੂੰ ਨਾ ਤਾਂ ਆਪਣੇ ਦੇਸ਼ ਦੀ ਅਤੇ ਨਾ ਹੀ ਅੰਤਰ-ਰਾਸ਼ਟਰੀ ਰੂਪ ਵਿਚ ਭਾਰਤ ਤੇ ਹੋਰ ਅਧਿਕ ਸਮੇਂ ਆਪਣੀ ਕਬਜ਼ਾ ਜਮਾਈ ਰੱਖਣ ਦੀ ਹਮਾਇਤ ਪ੍ਰਾਪਤ ਸੀ ਇਸ ਲਈ ਉਸਨੇ ਭਾਰਤ ਵਿਚੋਂ ਬਰਤਾਨਵੀ ਸ਼ਾਸਨ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਅਤੇ 1947 ਦੇ ਆਰੰਭ ਵਿਚ ਉਸਨੇ ਘੋਸ਼ਣਾ ਕੀਤੀ ਕਿ ਉਹ ਜੂਨ, 1948 ਤਕ ਭਾਰਤ ਦਾ ਸ਼ਾਸਨ ਭਾਰਤੀਆਂ ਨੂੰ ਸੌਂਪ ਦੇਵੇਗੀ।

ਜਿਉਂ ਜਿਉਂ ਆਜ਼ਾਦੀ ਦਾ ਸਮਾਂ ਨਜ਼ਦੀਕ ਆਉਂਦਾ ਗਿਆ ਪੰਜਾਬ ਅਤੇ ਬੰਗਾਲ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹਿੰਸਾਤਮਕ ਕਾਰਵਾਈਆਂ ਵੱਧਦੀਆਂ ਗਈਆਂ। ਬਰਤਾਨਵੀ ਫ਼ੌਜ ਵਿਚ ਸੰਭਾਵੀ ਹਿੰਸਾ ਨੂੰ ਕਾਬੂ ਪਾਉਣ ਲਈ ਤਿਆਰ ਨਹੀਂ ਸੀ। ਭਾਰਤ ਦੇ ਨਵੇਂ ਵਾਇਸਰਾਏ ਲਾਰਡ ਮਾਊਂਟਬੇਟਨ ਨੇ ਜੂਨ, 1948 ਤੋਂ ਪਹਿਲਾਂ ਹੀ ਭਾਰਤ ਨੂੰ ਆਜ਼ਾਦ ਕਰ ਦੇਣ ਦੀ ਘੋਸ਼ਣਾ ਕਰ ਦਿੱਤੀ ਅਤੇ ਭਾਰਤੀਆਂ ਨੂੰ ਆਜ਼ਾਦੀ ਦੀ ਪਰਸਪਰ ਸਹਿਮਤ ਸਹਿਤ ਯੋਜਨਾ ਤਿਆਰ ਕਰਨ ਲਈ ਛੇ ਮਹੀਨਿਆਂ ਦਾ ਸਮਾਂ ਦਿੱਤਾ। ਜੂਨ, 1947 ਵਿਚ ਅੰਬੇਡਕਰ ਅਤੇ ਮਾਸਟਰ ਤਾਰਾ ਸਿੰਘ ਧਾਰਮਿਕ ਲੀਹਾਂ ਤੇ ਭਾਰਤ ਦੀ ਵੰਡ ਨਾਲ ਸਹਿਮਤ ਹੋਏ। ਹਿੰਦੂ ਅਤੇ ਸਿੱਖ ਬਹੁ-ਗਿਣਤੀ ਵਾਲੇ ਖੇਤਰ ਨਵੇਂ ਭਾਰਤ ਦੇ ਹਿੱਸੇ ਆਏ ਅਤੇ ਮੁਸਲਿਮ ਬਹੁ-ਗਿਣਤੀ ਵਾਲੇ ਖੇਤਰ ਨਵੇਂ ਬਣੇ ਦੇਸ਼ ਪਾਕਿਸਤਾਨ ਦੇ ਹਿੱਸੇ। ਇਹ ਯੋਜਨਾ ਵਿਚ ਪੰਜਾਬ ਅਤੇ ਬੰਗਾਲ ਦਾ ਪਟਵਾਰਾ ਵੀ ਸ਼ਾਮਲ ਸੀ।

ਲੱਖਾਂ ਦੀ ਗਿਣਤੀ ਵਿਚ ਮੁਸਲਮਾਨ, ਹਿੰਦੂ ਅਤੇ ਸਿੱਖ ਸ਼ਰਨਾਰਥੀ ਬਣ ਕੇ ਆਪਣੇ ਘਰ ਬਾਰ ਛੱਡ ਕੇ ਪਾਕਿਸਤਾਨ ਅਤੇ ਭਾਰਤ ਵਿਚ ਆ ਗਏ। ਇਸ ਤਕਸੀਮ ਨਾਲ ਪੰਜਾਬ ਵਿਚ ਕਾਫ਼ੀ ਖ਼ੂਨ ਖ਼ਰਾਬਾ ਹੋਇਆ। ਦੋਵੇਂ ਪਾਸੀਂ ਦੇ 250,000 ਤੋਂ 5,00,000 ਦੇ ਵਿਚਕਾਰ ਲੋਕ ਹਿੰਸਾ ਦਾ ਸ਼ਿਕਾਰ ਹੋਏ। 14 ਅਗਸਤ, 1947 ਨੂੰ ਪਾਕਿਸਤਾਨ ਦੀ ਨਵੀਂ ਡੋਮੀਨੀਅਨ ਹੋਂਦ ਵਿਚ ਆਈ ਅਤੇ ਮਹੁੰਮਦ ਅਲੀ ਜਿਨਾਹ ਨੇ ਕਰਾਚੀ ਵਿਚ ਇਸ ਦੇ ਪਹਿਲੇ ਗਵਰਨਰ ਜਨਰਲ ਦੀ ਸਹੁੰ ਚੁੱਕੀ। ਨਵਾਂ ਆਜ਼ਾਦ ਭਾਰਤ 15 ਅਗਸਤ, 1947 ਵਿਚ ਹੋਂਦ ਵਿਚ ਆਇਆ ਅਤੇ ਪੰਡਤ ਜਵਾਹਰ ਲਾਲ ਨਹਿਰੂ ਇਸ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਅਤੇ ਲਾਰਡ ਮਾਊਂਟਬੇਟਨ ਗਵਰਨਰ-ਜਨਰਲ।

ਉਸ ਸਮੇਂ ਤੋਂ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਤੇ 15 ਅਗਸਤ ਨੂੰ ਝੰਡਾ ਲਹਿਰਾਉਂਦਾ ਆ ਰਿਹਾ ਹੈ ਅਤੇ ਇਸ ਸਮਾਰੋਹ ਦਾ ਰਾਸ਼ਟਰੀ ਚੈਨਲ ਦੂਰਦਰਸ਼ਨ ਅਤੇ ਹੋਰ ਨਿਊਜ਼ ਚੈਨਲਾਂ ਤੋਂ ਸਾਰੇ ਭਾਰਤ ਵਿਚ ਪ੍ਰਸਾਰਣ ਹੁੰਦਾ ਹੈ। ਝੰਡਾ ਲਹਿਰਾਉਣ ਦੇ ਸਮਾਗਮ ਅਤੇ ਸਭਿਆਚਾਰਕ ਪ੍ਰੋਗਰਾਮ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿਚ ਹੁੰਦੇ ਹਨ। ਦੇਸ਼ ਦੇ ਸ਼ਹਿਰਾਂ ਵਿਚ ਰਾਜਨੀਤੀਵੇਤਾ ਆਪਣੇ ਆਪਣੇ ਚੋਣ ਖੇਤਰਾਂ ਵਿਚ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹਨ। ਇਸ ਤੋਂ ਇਲਾਵਾ ਪ੍ਰਾਈਵੇਟ ਸੰਗਠਨਾਂ, ਕਾਲਜਾਂ, ਸਕੂਲਾਂ ਅਤੇ ਯੂਨੀਵਰਸਿਟੀਆਂ ਆਦਿ ਵਿਚ ਵੀ ਝੰਡੇ ਲਹਿਰਾਏ ਜਾਂਦੇ ਹਨ। ਇਹ ਇਕ ਪ੍ਰਕਾਰ ਦਾ ਰਾਸ਼ਟਰੀ ਤਿਉਹਾਰ ਬਣ ਗਿਆ ਹੈ ਜਿਸਨੂੰ ਹਰ ਭਾਰਤੀ ਮਨਾਉਣਾ ਆਪਣਾ ਕਰਤੱਵ ਸਮਝਦਾ ਹੈ।

--------------------



www.rajteachers.com